**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
<u>ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ</u>

ਨੰ: 2315 /ਸੀ.ਓ.ਈ.
ਮਿਤੀ : 9/5/2019

ਇਸ ਦਫ਼ਤਰ ਵੱਲੋਂ ਪਹਿਲਾਂ ਜਾਰੀ ਕੀਤੇ ਪੱਤਰ ਨੰਬਰ 2263/ਸੀ.ਓ.ਈ. ਮਿਤੀ 3-5-2019 ਦੀ ਲਗਾਤਾਰਤਾ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਆਪਣੀ ਹੇਠਲੇ ਅੰਡਰ ਗਰੈਜੂਏਟ ਕੋਰਸ ਵਿੱਚ ਰੀਅਪੀਅਰ ਹੁੰਦੇ ਹੋਏ ਪੋਸਟ ਗਰੈਜੂਏਟ ਕੋਰਸ ਵਿੱਚ ਦਾਖਲਾ ਲਿਆ ਹੈ ਅਜਿਹੇ ਵਿਦਿਆਰਥੀਆਂ ਦੇ ਮਈ 2019 ਦੀਆਂ ਸਮੈਸਟਰ ਪ੍ਰੀਖਿਆਵਾਂ ਦੌਰਾਨ ਬੀ.ਏ./ਬੀ.ਐਸ-ਸੀ./ਬੀ.ਕਾਮ./ਬੀ.ਸੀ.ਏ. ਆਦਿ ਅੰਡਰ ਗਰੈਜੂਏਟ ਕੋਰਸਾਂ ਦੇ ਰੀਅਪੀਅਰ ਪੇਪਰ ਉਨ੍ਹਾਂ ਦੇ ਐਮ.ਏ./ਐਮ.ਐਸ-ਸੀ./ਐਮ.ਕਾਮ. ਆਦਿ ਪੋਸਟ ਗਰੈਜੂਏਟ ਕੋਰਸਾਂ ਦੇ ਪਰਚਿਆਂ ਨਾਲ ਕਲੈਸ਼ ਹੋ ਰਹੇ ਹਨ। ਅਜਿਹੇ ਵਿਦਿਆਰਥੀਆਂ ਨੂੰ ਸਪਸ਼ਟ ਕੀਤਾ ਜਾਂਦਾ ਹੈ ਕਿ ਉਹ ਆਪਣੀ ਅੰਡਰ ਗਰੈਜੂਏਟ ਕੋਰਸ ਦੇ ਰੀਅਪੀਅਰ ਪੇਪਰ ਦੀ ਪ੍ਰੀਖਿਆ ਨਿਰਧਾਰਿਤ ਡੇਟ-ਸ਼ੀਟ ਅਨੁਸਾਰ ਦੇਣ। ਪੋਸਟ ਗਰੈਜੂਏਟ ਵਿਸ਼ੇ ਦੇ ਰਹਿੰਦੇ ਪੇਪਰ ਅਗਲੇ ਸਮੈਸਟਰ ਭਾਵ Odd ਦੇ Odd ਨਾਲ ਅਤੇ Even ਦੇ Even ਸਮੈਸਟਰ ਦੀ ਪ੍ਰੀਖਿਆ ਨਾਲ ਦੇਣਗੇ। ਸਪਸ਼ਟ ਹੈ ਕਿ ਪੋਸਟ ਗਰੈਜੂਏਟ ਦੇ ਪੇਪਰ ਜੋ ਅੰਡਰ ਗਰੈਜੂਏਟ ਦੀ ਡੇਟ-ਸ਼ੀਟ ਨਾਲ ਕਲੈਸ਼ ਕਰ ਰਹੇ ਹਨ ਉਸ ਪੋਸਟ ਗਰੈਜੂਏਟ ਕੋਰਸ ਦੇ ਪੇਪਰ ਮਈ 2019 ਦੀਆਂ ਪ੍ਰੀਖਿਆਵਾਂ ਨਾਲ ਵਿਸੇਸ਼ ਤੌਰ ਤੇ ਨਹੀਂ ਕਰਵਾਏ ਜਾਣਗੇ।

ਕੰਟਰੋਲਰ (ਪ੍ਰੀਖਿਆਵਾਂ)

ਉਤਾਰਾ : ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ।

1. ਯੂਨੀਵਰਸਿਟੀ ਨਾਲ ਸਬੰਧਤ ਸਮੂਹ ਪ੍ਰਿੰਸੀਪਲ ਸਾਹਿਬਾਨ (ਵਿਦਿਆਰਥੀਆਂ ਨੂੰ ਸੂਚਿਤ ਕਰਨ ਹਿੱਤ)
2. ਸਾਰੇ ਡਿਪਟੀ ਰਜਿਸਟਰਾਰ/ਸਹਾਇਕ ਰਜਿਸਟਰਾਰ (ਪ੍ਰੀਖਿਆ ਸ਼ਾਖਾ)
3. ਸਹਾਇਕ ਰਜਿਸਟਰਾਰ (ਗੁਪਤ)
4. ਨਿਗਰਾਨ ਐਮ.ਏ./ਐਮ.ਐਸ-ਸੀ./ਐਮ.ਕਾਮ. ਸੈਟ